**ਸ਼੍ਰੇਣੀ ਬਾਰ੍ਹਵੀਂ**

**ਵਿਸ਼ਾ: ਇਤਿਹਾਸ**

**ਜਨਰਲ ਵਿੱਦਿਆਰਥੀਆਂ ਲਈ**

**(2022-23)**

**ਪ੍ਰਸ਼ਨ ਪੱਤਰ ਦੀ ਰੂਪ-ਰੇਖਾ**

**ਸਮਾਂ :3 ਘੰਟੇ** **ਲਿਖਤੀ: 80 ਅੰਕ**

**ਆਂਤਰਿਕ ਮੁਲਾਂਕਣ: 20 ਅੰਕ**

**ਕੁੱਲ :100**

**ਅੰਕ**

1. ਸਾਰੇ ਪ੍ਰਸ਼ਨ ਜ਼ਰੂਰੀ ਹਨ।
2. ਪ੍ਰਸ਼ਨ ਪੱਤਰ ਦੇ ਛੇ ਭਾਗ ਹੋਣਗੇ, ਜਿੰਨਾਂ ਦੇ ਅੱਗੇ ਉਪ-ਭਾਗ ਵੀ ਹੋਣਗੇ। ਪ੍ਰਸ਼ਨ ਪੱਤਰ ਵਿੱਚ ਹੇਠ ਲਿਖੇ ਭਾਗ ਸ਼ਾਮਿਲ ਹਨ।

**ਭਾਗ - ੳ**

1. ਬਹੁ-ਵਿਕਲਪੀ ਪ੍ਰਸ਼ਨ: ਇਸ ਪ੍ਰਸ਼ਨ ਵਿੱਚ 20 ਪ੍ਰਸ਼ਨ ਬਹੁ-ਵਿਕਲਪੀ ਕਿਸਮ ਦੇ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।
$20\times 1 = 20$

**ਭਾਗ-ਅ**

**2. ਵਸਤੂਨਿਸ਼ਠ ਪ੍ਰਸ਼ਨ** : ਇਸ ਪ੍ਰਸ਼ਨ ਦੇ 10 ਉਪ-ਭਾਗ (ਪ੍ਰਸ਼ਨ ਨੰ. 1-10) ਹੋਣਗੇ ਇਸ ਭਾਗ ਵਿੱਚ ਖਾਲ਼ੀ ਥਾਵਾਂ/ਸਹੀ ਜਾਂ ਗਲ਼ਤ ਕਿਸਮ ਦੇ ਪ੍ਰਸ਼ਨ ਸ਼ਾਮਿਲ ਹੋਣਗੇ ਹਰੇਕ ਪ੍ਰਸ਼ਨ ਦਾ ਇੱਕ ਅੰਕ ਦਾ ਹੋਵੇਗਾ। $10 \times 1 = 10$

**ਭਾਗ - ੲ**

3. ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਵਸਤੂਨਿਸ਼ਠ ਪ੍ਰਸ਼ਨ:ਇਸ ਭਾਗ ਦੇ 8 ਉਪ-ਭਾਗ (ਪ੍ਰਸ਼ਨ ਨੰ 1-8) ਹੋਣਗੇ। 8 ਪ੍ਰਸ਼ਨਾਂ ਵਿੱਚੋਂ 5 ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ। (5 ਪ੍ਰਸ਼ਨ A part ਵਿੱਚੋਂ ਅਤੇ 3 ਪ੍ਰਸ਼ਨ B part ਵਿੱਚੋਂ ਹੋਣਗੇ) ਹਰ ਪ੍ਰਸ਼ਨ ਦੇ ਤਿੰਨ ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 30-35 ਸ਼ਬਦਾਂ ਵਿੱਚ ਦੇਣਾ ਜ਼ਰੂਰੀ ਹੋਵੇਗਾ। $5 \times 3 = 15$

**ਭਾਗ-ਸ**

4. ਸ੍ਰੋਤ ਅਧਾਰਿਤ ਪ੍ਰਸ਼ਨ: ਇਸ ਭਾਗ ਦੇ 2 ਉਪ-ਭਾਗ (ਪ੍ਰਸ਼ਨ ਨੰ. 1-2) ਹੋਣਗੇ (ਦਿੱਤੇ ਗਏ ਪੈਰ੍ਹੇ 'ਤੇ ਅਧਾਰਿਤ ਪ੍ਰਸ਼ਨ) ਅਤੇ ਹਰ ਉਪ-ਭਾਗ ਦੇ ਦਸ ਅੰਕ ਹੋਣਗੇ। ਹਰੇਕ ਪੈਰ੍ਹੇ ਵਿੱਚ 5 ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। $2 \times 5 = 10$

**ਭਾਗ-ਹ**

5.ਛੋਟੇ ਉੱਤਰਾਂ ਵਾਲੇ ਪ੍ਰਸ਼ਨ: ਵਸਤੂਨਿਸ਼ਠ ਪ੍ਰਸ਼ਨ:ਇਸ ਭਾਗ ਦੇ 2 ਉਪ-ਭਾਗ (ਪ੍ਰਸ਼ਨ ਨੰ 1 ਅਤੇ 2 ਵਿੱਚ 100% ਆਂਤਰਿਕ ਛੋਟ ) ਹੋਵੇਗੀ। (4 ਪ੍ਰਸ਼ਨਾਂ ਵਿੱਚੋਂ A part ਵਿੱਚੋਂ ਅਤੇ 2 ਪ੍ਰਸ਼ਨ B part ਵਿੱਚੋਂ 2 ਪ੍ਰਸ਼ਨ ਹੋਣਗੇ) ਹਰ ਪ੍ਰਸ਼ਨ ਦੇ ਪੰਜ ਅੰਕ ਹੋਣਗੇ। ਹਰ ਪ੍ਰਸ਼ਨ ਦਾ ਉੱਤਰ 100-150 ਸ਼ਬਦਾਂ ਵਿੱਚ ਦੇਣਾ ਜ਼ਰੂਰੀ ਹੋਵੇਗਾ। $2 \times 5 = 10$

**ਭਾਗ-ਕ**

6. ਨਕਸ਼ੇ ਨਾਲ਼ ਸੰਬੰਧਿਤ ਪ੍ਰਸ਼ਨ: ਇਸ ਭਾਗ ਵਿੱਚ ਨਕਸ਼ੇ ਨਾਲ਼ ਸੰਬੰਧਿਤ ਇੱਕ ਪ੍ਰਸ਼ਨ ਹੋਵੇਗਾ। (1 ਪ੍ਰਸ਼ਨ A part ਵਿੱਚੋਂ ਅਤੇ 1 ਪ੍ਰਸ਼ਨ B part ਵਿੱਚੋਂ ਹੋਣਗੇ)। 10 ਅੰਕ 5 ਸਥਾਨ ਦਿਖਾਉਣ ਲਈ ਅਤੇ 5 ਅੰਕ ਉਨ੍ਹਾਂ ਸਥਾਨਾਂ ਦੀ ਵਿਆਖਿਆ (20-25 ਸ਼ਬਦਾਂ ) ਲਈ ਨਿਰਧਾਰਿਤ ਹਨ।ਇਸ ਪ੍ਰਸ਼ਨ ਵਿੱਚ 100% ਆਂਤਰਿਕ ਛੋਟ ਹੋਵੇਗੀ। $10 + 5 = 15$

(ਭਾਗ-ੳ ) $20 \times 1 = 20$ ਅੰਕ

**ਬਹੁ-ਵਿਕਲਪੀ ਪ੍ਰਸ਼ਨ- (ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ)**

1. ਯੂਨਾਨੀਆਂ ਨੇ ਪੰਜਾਬ ਨੂੰ ਕੀ ਨਾਂ ਦਿੱਤਾ ?

   ੳ. ਪੈਂਟਾਪੋਟਾਮੀਆ ਅ. ਪੰਚਨਦ ੲ. ਸਪਤ ਸਿੰਧੂ ਸ. ਲਾਹੌਰ ਰਾਜ 1

2. ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਦੋਂ ਕੀਤਾ ਗਿਆ ?

   ੳ. 1604 ਈ. ਅ. 1602 ਈ. ੲ. 1606 ਈ. ਸ. 1608 ਈ. 1

3. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਵਿਖੇ ਕਿਸ ਨਾਲ ਮੁਲਾਕਾਤ ਹੋਈ ?

   ੳ. ਸੱਜਣ ਠੱਗ ਅ. ਸ਼ੇਖ਼ ਬਹਿਲੋਲ ੲ. ਬਾਬਰ ਸ. ਚੈਤੰਨਿਆ ਮਹਾਂਪ੍ਰਭੂ 1

4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਿਸ ਮੁਗ਼ਲ ਬਾਦਸ਼ਾਹ ਦੇ ਆਦੇਸ਼ 'ਤੇ ਹੋਈ ?

   ੳ. ਜਹਾਂਗੀਰ ਅ. ਬਾਬਰ ੲ. ਸ਼ਾਹਜਹਾਂ ਸ. ਔਰੰਗਜ਼ੇਬ 1

5. ਸ੍ਰੀ ਗੁਰੂ ਹਰਗੋਬਿੰਦ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ?

   ੳ. ਸ੍ਰੀ ਗੁਰੂ ਅਰਜਨ ਦੇਵ ਜੀ ਅ. ਸ੍ਰੀ ਗੁਰੂ ਰਾਮਦਾਸ ਜੀ

   ੲ. ਸ੍ਰੀ ਗੁਰੂ ਹਰਿ ਰਾਇ ਜੀ ਸ. ਸ੍ਰੀ ਗੁਰੂ ਅਮਰਦਾਸ ਜੀ 1

6. ਸ੍ਰੀ ਗੁਰੂ ਹਰਗੋਬਿੰਦ ਜੀ ਕਦੋਂ ਜੋਤੀ-ਜੋਤ ਸਮਾਏ ਸਨ ?

   ੳ. 1635 ਈ. ਅ. 1645 ਈ. ੲ.1638 ਈ. ਸ.1628 ਈ. 1

7. ਪੰਜਾਬ ਵਿੱਚ ਕਿੰਨੇ ਦੁਆਬ ਹਨ?

   ੳ. ਦੋ ਅ. ਇੱਕ

   ੲ. ਚਾਰ ਸ. ਪੰਜ 1

8. ਮਹਾਰਾਜਾ ਰਣਜੀਤ ਸਿੰਘ ਨੂੰ ਕਿਸ ਘੋੜੇ ਨਾਲ ਵਿਸ਼ੇਸ਼ ਪਿਆਰ ਸੀ ?

   ੳ. ਲੈਲੀ ਅ. ਚੇਤਕੀ ੲ. ਚੇਤਕ ਸ. ਉਪਰੋਕਤ ਸਾਰੇ 1

9. ਪਹਿਲੇ ਐਂਗਲੋ-ਸਿੱਖ ਯੁੱਧ ਸਮੇਂ ਭਾਰਤ ਦਾ ਗਵਰਨਰ-ਜਨਰਲ ਕੌਣ ਸੀ ?

   ੳ. ਲਾਰਡ ਡਲਹੌਜ਼ੀ ਅ. ਲਾਰਡ ਹਾਰਡਿੰਗ ੲ. ਲਾਰਡ ਰਿਪਨ ਸ. ਲਾਰਡ ਡਫ਼ਰਿਨ 1

10. ਦੂਸਰਾ ਐਂਗਲੋ-ਸਿੱਖ ਯੁੱਧ ਕਿਸ ਲੜਾਈ ਨਾਲ ਖਤਮ ਹੋਇਆ ?

ੳ. ਚਿਲਿਆਂਵਾਲਾ ਅ. ਮੁਲਤਾਨ ੲ. ਰਾਮਨਗਰ ਸ. ਗੁਜਰਾਤ 1

11. ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਸ ਸਥਾਨ ਤੇ ਸ਼ਹੀਦ ਕੀਤਾ ਗਿਆ ਉੱਥੇ ਕਿਹੜਾ ਗੁਰਦੁਆਰਾ ਸਥਿਤ ਹੈ?

ੳ. ਸੀਸ ਗੰਜ ਅ. ਬਾਲਾ ਸਾਹਿਬ ੲ. ਰਕਾਬ ਗੰਜ ਸ. ਦਰਬਾਰ ਸਾਹਿਬ 1

12. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰ ਗੱਦੀ ਤੇ ਕਦੋਂ ਬਿਰਾਜਮਾਨ ਹੋਏ ?

ੳ. 1666 ਈ. ਅ. 1674 ਈ. ੲ.1670 ਈ. ਸ. 1675 ਈ. 1

13. ਪਟਿਆਲਾ ਰਿਆਸਤ ਦਾ ਮੋਢੀ ਕੌਣ ਸੀ?

ੳ. ਅਮਰ ਸਿੰਘ ਅ. ਹਮੀਰ ਸਿੰਘ ੲ.ਬਾਬਾ ਆਲਾ ਸਿੰਘ ਸ. ਰਾਜਪਾਲ ਸਿੰਘ 1

14. ਹੇਠ ਲਿਖਿਆਂ ਵਿੱਚੋਂ ਕੌਣ "ਮਾਈ ਮਲਵੈਣ" ਦੇ ਨਾਂ ਨਾਲ ਪ੍ਰਸਿੱਧ ਸੀ।

ੳ. ਦਯਾ ਕੌਰ ਅ. ਰਤਨ ਕੌਰ ੲ. ਰਾਜ ਕੌਰ ਸ.ਰਾਜਪਤ ਸਿੰਘ 1

15. ਲਾਹੌਰ ਸ਼ਹਿਰ ਦੇ ਪ੍ਰਮੁੱਖ ਅਧਿਕਾਰੀ (ਕੋਤਵਾਲ) ਦਾ ਨਾਂ ਕੀ ਸੀ?

ੳ. ਧਿਆਨ ਸਿੰਘ ਅ. ਭਵਾਨੀ ਦਾਸ ੲ. ਦੀਨਾ ਨਾਥ ਸ. ਇਮਾਮ ਬਖਸ਼ 1

16. ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਮੋਹਰ ਤੇ ਕਿਹੜੇ ਸ਼ਬਦ ਉੱਕਰੇ ਸਨ?

ੳ. ਨਾਨਕ ਸਹਾਇ ਅ. ਅਕਾਲ ਸਹਾਇ ੲ.ਗੋਬਿੰਦ ਸਹਾਇ ਸ.ਤੇਗ ਸਹਾਇ 1

17. ਮਹਾਰਾਜਾ ਰਰਣਜੀਤ ਸਿੰਘ ਸਮੇਂ ਪਰਗਨੇ ਦੇ ਮੁੱਖ ਅਧਿਕਾਰੀ ਨੂੰ ਕੀ ਕਹਿੰਦੇ ਸਨ?

ੳ. ਗਵਰਨਰ ਅ.ਮੁਕੱਦਮ ੲ.ਕਾਰਦਾਰ ਸ.ਪਟਵਾਰੀ 1

18. ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਮੁੱਢਲਾ ਨਾਂ ਕੀ ਸੀ?

ੳ. ਭਾਈ ਜੇਠਾ ਜੀ ਅ. ਤਿਆਗ ਮੱਲ ਜੀ ੲ.ਭਾਈ ਲਹਿਣਾ ਜੀ

ਸ. ਭਾਈ ਗੁਰਦਿੱਤਾ ਜੀ 1

19. ਜ਼ਫਰਨਾਮਾ ਕਿਸ ਗੁਰੂ ਸਾਹਿਬ ਨੇ ਲਿਖਿਆ?

ੳ. ਸ਼੍ਰੀ ਗੁਰੂ ਨਾਨਕ ਦੇਵ ਜੀ ਅ. ਸ਼੍ਰੀ ਗੁਰੂ ਤੇਗ ਬਹਾਦਰ ਜੀ ੲ. ਸ਼੍ਰੀ ਗੁਰੂ ਅਰਜਨ ਦੇਵ ਜੀ

ਸ. ਸ਼੍ਰੀ ਗੁਰੂ ਗੋਬਿੰਦ ਸਿੰਘ 1

20. 'ਚੱਕ ਨਾਨਕੀ' ਕਿਸਨੇ ਵਸਾਇਆ?

ੳ. ਸ਼੍ਰੀ ਗੁਰੂ ਹਰਗੋਬਿੰਦ ਜੀ ਅ. ਸ਼੍ਰੀ ਗੁਰੂ ਤੇਗ ਬਹਾਦਰ ਜੀ ੲ. ਸ਼੍ਰੀ ਗੁਰੂ ਹਰਿਕ੍ਰਿਸ਼ਨ

ਸ. ਸ਼੍ਰੀ ਗੁਰੂ ਨਾਨਕ ਦੇਵ ਜੀ 1

**(ਭਾਗ-ਅ )** $10 \times 1 = 10$ **ਅੰਕ**

**ਵਸਤੂਨਿਸ਼ਠ ਪ੍ਰਸ਼ਨ- (ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ)**

**ਖ਼ਾਲੀ ਥਾਂਵਾਂ ਭਰੋ -**

1. ਬਾਰੀ ਦੁਆਬ ਨੂੰ----------ਵੀ ਕਿਹਾ ਜਾਂਦਾ ਹੈ । 1
2. ਸ੍ਰੀ ਗੁਰੂ ਰਾਮਦਾਸ ਜੀ ਦਾ ਮੁੱਢਲਾ ਨਾਂ--------------ਸੀ । 1
3. ਸ੍ਰੀ ਗੁਰੂ ਹਰਿ ਰਾਏ ਜੀ ਦੇ ਪਿਤਾ ਜੀ ਦਾ ਨਾਂ------------ਸੀ । 1
4. ਜਸਵੰਤ ਰਾਓ ਹੋਲਕਰ----------ਈ. ਵਿੱਚ ਪੰਜਾਬ ਆਇਆ । 1
5. 'ਗੁਰੂ ਕਾ ਬਜ਼ਾਰ' ----------ਸ਼ਹਿਰ ਵਿੱਚ ਸੀ। 1

**ਠੀਕ ਜਾਂ ਗਲਤ ਦੀ ਚੋਣ ਕਰੋ -**

6. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ । 1
7. ਤੈਮੂਰ ਸ਼ਾਹ ਬਾਬਰ ਦਾ ਪੁੱਤਰ ਸੀ । 1
8. ਮਹਾਰਾਜਾ ਰਣਜੀਤ ਸਿੰਘ ਆਪਣੇ ਆਪ ਨੂੰ ਸਿੱਖ ਪੰਥ ਦਾ ਕੂਕਰ ਸਮਝਦੇ ਸਨ । 1
9. ਦੀਵਾਨ ਦੀਨਾ ਨਾਥ ਮਹਾਰਾਜਾ ਰਣਜੀਤ ਸਿੰਘ ਦਾ ਵਿਦੇਸ਼ ਮੰਤਰੀ ਸੀ । 1
10. ਤੁਜ਼ਕ-ਏ-ਜਹਾਂਗੀਰੀ ਦਾ ਲੇਖਕ ਬਾਬਰ ਸੀ । 1

**(ਭਾਗ-ੲ)** $5 \times 3 = 15$ **ਅੰਕ**

**ਛੋਟੇ ਉੱਤਰਾਂ ਵਾਲੇ ਪ੍ਰਸ਼ਨ - (ਕੋਈ ਪੰਜ ਪ੍ਰਸ਼ਨ ਕਰੋ)**

1. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ ? 3
2. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਕੀ ਉਦੇਸ਼ ਸਨ ? 3
3. ਮੀਰੀ ਅਤੇ ਪੀਰੀ ਤੋਂ ਕੀ ਭਾਵ ਹੈ ? 3
4. ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਦੀ ਜਿੱਤ ਦਾ ਸੰਖੇਪ ਵਿੱਚ ਵਰਨਣ ਕਰੋ ? 3
5. ਦਲ਼ ਖਾਲਸਾ ਦੀ ਉਤਪਤੀ ਦੇ ਤਿੰਨ ਮੁੱਖ ਕਾਰਨ ਕੀ ਸਨ ? 3
6. ਦੂਜੇ ਜਾਂ ਵੱਡੇ ਘੱਲੂਘਾਰੇ 'ਤੇ ਸੰਖੇਪ ਨੋਟ ਲਿਖੋ ? 3
7. ਮੁਦਕੀ ਦੀ ਲੜਾਈ 'ਤੇ ਸੰਖੇਪ ਨੋਟ ਲਿਖੋ ? 3
8. ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਪ੍ਰਤੀ ਕਿਹੋ ਜਿਹਾ ਵਤੀਰਾ ਸੀ ? 3

**(ਭਾਗ-ਸ)** $10 \times 1 = 10$ **ਅੰਕ**

**ਸ੍ਰੋਤ ਅਧਾਰਿਤ ਪ੍ਰਸ਼ਨ-**

1. ਪੰਜ ਦਰਿਆਵਾਂ ਦੀ ਧਰਤੀ ਪੰਜਾਬ ਨੂੰ ਭਾਰਤੀ ਸੰਸਕ੍ਰਿਤੀ ਅਤੇ ਸਭਿਅਤਾ ਦੀ ਜਨਮ ਭੂਮੀ ਕਿਹਾ ਜਾਂਦਾ ਹੈ।ਅੱਜ ਤੋਂ ਲਗਭੱਗ 4 ਹਜ਼ਾਰ ਤੋਂ 5ਹਜ਼ਾਰ ਸਾਲ ਪਹਿਲਾਂ ਪੰਜਾਬ ਦੇ ਆਲੇ ਦੇ ਦੁਆਲੇ-ਪ੍ਰਦੇਸ਼ਾਂ ਵਿੱਚ ਸਿੰਧ ਘਾਟੀ ਦੀ ਸਭਿਅਤਾ ਜਾਂ ਹੜੱਪਾ ਸੱਭਿਅਤਾ

ਦਾ ਜਨਮ ਹੋਇਆ, ਜੋ ਸੰਸਾਰ ਦੀਆਂ ਪ੍ਰਾਚੀਨ ਸਭਿਆਤਾਵਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ । ਰਮਾਇਣ ਅਤੇ ਮਹਾਂਭਾਰਤ ਦੇ ਮਹਾਨ ਪਾਤਰਾਂ ਦਾ ਸੰਬੰਧ ਵੀ ਪੰਜਾਬ ਨਾਲ ਸੀ। ਮਹਾਂਭਾਰਤ ਦਾ ਯੁੱਧ ਇਸੇ ਧਰਤੀ ਉੱਤੇ ਲੜਿਆ ਗਿਆ ਹੈ ਜਿਸ ਵਿੱਚ ਸ਼੍ਰੀ ਕ੍ਰਿਸ਼ਨ ਜੀ ਨੇ ਗੀਤਾ ਦਾ ਉਪਦੇਸ਼ ਦਿੱਤਾ ਸੀ । ਪੰਜਾਬ ਵਿੱਚ ਸੰਸਾਰ ਪ੍ਰਸਿੱਧ ਤਕਸ਼ਿਲਾ ਵਿਸ਼ਵ ਵਿਦਿਆਲਾ ਅਤੇ ਗੰਧਾਰ ਕਲਾ ਦੇ ਪ੍ਰਮੁੱਖ ਕੇਂਦਰ ਸਥਿਤ ਸਨ। ਅਰਥਸ਼ਾਸਤਰ ਦੇ ਲੇਖਕ ਕੋਟਿਲਯ, ਸੰਸਕ੍ਰਿਤ ਵਿਆਕਰਨ ਦੇ ਮਹਾਨ ਵਿਦਵਾਨ ਪਾਣਿਨੀ ਅਤੇ ਪ੍ਰਸਿੱਧ ਚਿਕਿਤਸਕ ਚਰਕ ਪੰਜਾਬ ਨਾਲ ਹੀ ਸਬੰਧ ਰੱਖਦੇ ਸਨ । ਭਾਰਤ ਦੇ ਰਾਜਨੀਤਕ ਇਤਿਹਾਸ ਦਾ ਨਿਰਮਾਣ ਵੀ ਕਿਸੇ ਹੱਦ ਤੱਕ ਪੰਜਾਬ ਵਿਚ ਹੀ ਹੋਇਆ। ਪੰਜਾਬ ਦੀ ਆਰਥਿਕ ਸਥਿਤੀ ਦੇ ਕਾਰਨ ਸਾਰੇ ਵਿਦੇਸ਼ੀ ਹਮਲਾਵਰ ਪੰਜਾਬ ਦੀ ਉਤਰ ਸੀਮਾ ਪੱਛਮੀ- ਸਨ ਆਏ ਵਿੱਚ ਪੰਜਾਬ ਕੇ ਹੋ ਤੋਂ। ਚੰਦਰ ਗੁਪਤ ਮੌਰੀਆ ਅਤੇ ਹਰਸ਼ ਵਰਧਨ ਜਿਹੇ ਰਾਜਿਆਂ ਨੇ ਪੰਜਾਬ ਤੋਂ ਹੀ ਆਪਣੀਆਂ ਜਿੱਤਾਂ ਦੀ ਮੁਹਿੰਮ ਆਰੰਭ ਕੀਤੀ ਅਤੇ ਵਿਸ਼ਾਲ ਅਤੇ ਸ਼ਕਤੀਸ਼ਾਲੀ ਸਾਮਰਾਜ ਦੀ ਸਥਾਪਨਾ ਕੀਤੀ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ਹੜੱਪਾ ਸੱਭਿਅਤਾ ਦਾ ਜਨਮ ਕਿਸ ਧਰਤੀ ’ਤੇ ਹੋਇਆ ? 1
2. ਕਿਹੜੇ ਮਹਾਂਕਾਵਾਂ ਦੇ ਪਾਤਰਾਂ ਦਾ ਸੰਬੰਧ ਪੰਜਾਬ ਨਾਲ ਸੀ ? 1
3. ਸ਼੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼-------ਦੀ ਧਰਤੀ ’ਤੇ ਦਿੱਤਾ ? 1
4. ਭਾਰਤ ’ਤੇ ਹਮਲੇ ਕਰਨ ਵਾਲੇ ਵਿਦੇਸ਼ੀ ਹਮਲਾਵਰ ਪੰਜਾਬ ਵਿੱਚ ਕਿਸ ਪਾਸੇ ਤੋਂ ਦਾਖਲ ਹੁੰਦੇ ਸਨ ? 1
5. ਪਾਣਿਨੀ ਕਿਸ ਵਿਸ਼ੇ ਦਾ ਵਿਦਵਾਨ ਸੀ ? 1

2. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਨੂੰ ਵਿਸਾਖੀ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ ਇੱਕ ਵੱਡਾ ਇਕੱਠ ਕੀਤਾ । ਇਸ ਦੀਵਾਨ ਵਿੱਚ ਵੱਖ-ਵੱਖ ਥਾਵਾਂ ਤੋਂ ਲਗਭਗ 80,000 ਵਿਅਕਤੀਆਂ ਨੇ ਭਾਗ ਲਿਆ । ਜਦੋਂ ਸਭ ਲੋਕ ਆਪਣੀ-ਆਪਣੀ ਜਗ੍ਹਾ ’ਤੇ ਬੈਠ ਗਏ ਤਾਂ ਗੁਰੂ ਜੀ ਨੇ ਆਪਣੀ ਤਲਵਾਰ ਮਿਆਨ ਵਿੱਚੋਂ ਕੱਢ ਕੇ ਕਿਹਾ , ‘ ਕੀ ਤੁਹਾਡੇ ਵਿੱਚ ਕੋਈ ਅਜਿਹਾ ਵਿਅਕਤੀ ਹੈ ਜੋ ਧਰਮ ਲਈ ਆਪਣਾ ਸੀਸ ਭੇਂਟ ਕਰ ਸਕੇ ?’ ਇਹ ਸੁਣਦੇ ਹੀ ਦੀਵਾਨ ਵਿੱਚ ਸੰਨਾਟਾ ਛਾ ਗਿਆ । ਪਰ ਗੁਰੂ ਜੀ ਨੇ ਜਦੋਂ ਤੀਸਰੀ ਵਾਰ ਇਹ ਵਾਕ ਦੁਹਰਾਇਆ ਤਾਂ ਦਇਆ ਰਾਮ ਜੋ ਕਿ ਜਾਤ ਦਾ ਖੱਤਰੀ ਸੀ, ਉਹ ਆਪਣਾ ਬਲਿਦਾਨ ਦੇਣ ਲਈ ਅੱਗੇ ਆਇਆ । ਗੁਰੂ ਜੀ ਉਸ ਨੂੰ ਨੇੜੇ ਦੇ ਤੰਬੂ ਵਿੱਚ ਲੈ ਗਏ ਅਤੇ ਖੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆਏ । ਉਨ੍ਹਾਂ ਨੇ ਤੰਬੂ ਤੋਂ ਬਾਹਰ ਆ ਕੇ ਇੱਕ ਹੋਰ ਸਿਰ ਦੀ ਮੰਗ ਕੀਤੀ । ਹੁਣ ਦਿੱਲੀ ਦਾ ਇੱਕ ਜੱਟ ਧਰਮ ਦਾਸ ਗੁਰੂ ਸਾਹਿਬ ਕੋਲ ਆਇਆ , ਗੁਰੂ ਜੀ ਉਸ ਨੂੰ ਵੀ ਤੰਬੂ ਵਿੱਚ ਲੈ ਗਏ ਅਤੇ ਖੂਨ ਨਾਲ ਲਿਬੜੀ ਹੋਈ ਤਲਵਾਰ ਲੈ ਕੇ ਬਾਹਰ ਆ ਗਏ । ਇਸ ਤਰ੍ਹਾਂ ਵਾਰੀ-ਵਾਰੀ ਗੁਰੂ ਜੀ ਨੇ ਹੋਰ ਤਿੰਨ ਸੀਸ ਮੰਗੇ । ਤਿੰਨ ਸੀਸ ਦੇਣ  ਲਈ ਮੋਹਕਮ ਚੰਦ, ਸਾਹਿਬ ਚੰਦ ਅਤੇ ਹਿੰਮਤ ਰਾਏ ਵਾਰੀ-ਵਾਰੀ ਗੁਰੂ ਜੀ ਕੋਲ ਆਏ । ਹਰ ਇੱਕ ਨੂੰ ਗੁਰੂ ਜੀ ਤੰਬੂ ਦੇ ਅੰਦਰ ਲੈ ਗਏ ਤੇ ਨੰਗੀ ਤਲਵਾਰ ਲੈ ਕੇ ਬਾਹਰ ਆ ਜਾਂਦੇ ਸਨ । ਬਾਅਦ ਵਿੱਚ ਉਹਨਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ । ਉਹਨਾਂ ਨੂੰ ‘ਪੰਜ ਪਿਆਰੇ’ ਕਿਹਾ ਗਿਆ । ਉਹਨਾਂ ਨੂੰ ‘ਖੰਡੇ ਦੀ ਪਾਹੁਲ’ ਛਕਾ ਕੇ ਉਹਨਾਂ ਤੋਂ ਗੁਰੂ  ਜੀ ਨੇ ਆਪ ਪਾਹੁਲ ਛਕਿਆ, ਇਸ ਕਰਕੇ ਉਹ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਕਹਾਉਣ ਲੱਗੇ । ਉਹਨਾਂ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਪਿਲਾਉਣ ਪਿੱਛੋਂ ‘ਖ਼ਾਲਸਾ’ ਦਾ ਨਾਂ ਦਿੱਤਾ, ਜਿਸ ਦਾ ਅਰਥ ਹੈ ‘ਸ਼ੁੱਧ’ ਭਾਵ ਉਹ ਸ਼ੁੱਧ ਹੋ ਚੁੱਕੇ ਸਨ । ਉਹਨਾਂ ਨੇ ਕਿਹਾ ਖ਼ਾਲਸਾ ਗੁਰੂ ਵਿੱਚ ਹੈ ਅਤੇ ਗੁਰੂ ਖ਼ਾਲਸੇ ਵਿੱਚ । ਇਸ ਤਰ੍ਹਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ‘ਆਪੇ ਗੁਰੂ ਚੇਲਾ’ ਅਖਵਾਏ ।

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ-**

1. ‘ ਖ਼ਾਲਸਾ ’ ਸ਼ਬਦ ਤੋਂ ਕੀ ਭਾਵ ਹੈ ? 1

2. ਗੁਰੂ ਜੀ ਨੂੰ ਸਭ ਤੋ ਪਹਿਲਾਂ ਸੀਸ ਕਿਸਨੇ ਭੇਂਟ ਕੀਤਾ ? 1

3. ਸੀਸ ਭੇਂਟ ਕਰਨ ਵਾਲਿਆਂ ਨੂੰ ਸਮੂਹਿਕ ਰੂਪ ਵਿੱਚ ਕੀ ਨਾਮ ਦਿੱਤਾ ਗਿਆ ? 1

4. ' ਆਪੇ ਗੁਰੂ ਚੇਲਾ ' ਕਿਸਨੂੰ ਕਿਹਾ ਜਾਂਦਾ ਹੈ ? 1

5. ਕਿਸ ਨੇ ਧਰਮ ਲਈ ਸੀਸ ਭੇਂਟ ਕੀਤਾ ? 1

**(ਭਾਗ- ਹ)** **10 ਅੰਕ**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ - (ਕੋਈ ਦੋ ਪ੍ਰਸ਼ਨ ਕਰੋ)**

(1) ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਤਤਕਾਲੀ ਕਾਰਨ ਕੀ ਸੀ? 5

ਜਾਂ

ਸਿੱਖ ਪੰਥ ਦੇ ਵਿਕਾਸ ਲਈ ਗੁਰੂ ਅੰਗਦ ਦੇਵ ਜੀ ਨੇ ਕੀ-ਕੀ ਕਾਰਜ ਕੀਤੇ?

(2) ਮੀਰ ਮੰਨੂ ਦੀ ਸਿੱਖਾਂ ਵਿਰੁੱਧ ਅਸਫਲਤਾ ਦੇ ਕੀ ਕਾਰਨ ਸਨ ? 5

ਜਾਂ

ਮਹਾਰਾਜਾ ਰਣਜੀਤ ਸਿੰਘ ਦੀ ਨਿਆਂ ਪ੍ਰਣਾਲੀ ਕਿਸ ਤਰ੍ਹਾਂ ਦੀ ਸੀ?

**(ਭਾਗ- ਕ)** **15 ਅੰਕ**

**ਨਕਸ਼ਾ -**

(ੳ) ਦਿੱਤੇ ਗਏ ਪੰਜਾਬ ਦੇ ਨਕਸ਼ੇ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੰਜ ਲੜਾਈਆਂ ਦੇ ਸਥਾਨ ਦਿਖਾਓ । 10

(ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿਚ ਵਿਆਖਿਆ ਵੀ ਕਰੋ । 5

**ਜਾਂ**

(ੳ) ਦਿੱਤੇ ਗਏ ਪੰਜਾਬ ਦੇ ਨਕਸ਼ੇ ਵਿੱਚ ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਸਥਾਨ ਦਿਖਾਓ । 10

(ਅ) ਦਿਖਾਏ ਗਏ ਹਰੇਕ ਸਥਾਨ ਦੀ 20-25 ਸ਼ਬਦਾਂ ਵਿਚ ਵਿਆਖਿਆ ਵੀ ਕਰੋ । 5